# AUSTRALIAN PUNJABI KAVITRI SURINDER SIDAK RACHIT KAAVI DE NARI SAROKAR

# ਆਸਟ੍ਰੇਲੀਅਨ ਪੰਜਾਬੀ ਕਵਿਤਰੀ ਸੁਰਿੰਦਰ ਸਿਦਕ ਰਚਿਤ ਕਾਵਿ ਦੇ ਨਾਰੀ ਸਰੋਕਾਰ

ਹਰਮਿੰਦਰ ਕੌਰ (Harminder Kaur)

ਖੋਜਾਰਥਣ, ਪੰਜਾਬੀ ਵਿਭਾਗ

ਇਟਰਨਲ ਯੂਨੀਵਰਸਿਟੀ, ਬੜੂ ਸਾਹਿਬ (ਹਿਮਾਚਲ ਪ੍ਰਦੇਸ਼)

Email ID: v.harminder44@yahoo.com ਮੋਬਾਈਲ: +61 469853729

**ABSTRACT**

*ਸਾਹਿਤ ਸੁਰਿੰਦਰ ਸਿਦਕ ਦੀਆਂ ਕਵਿਤਾਵਾਂ ਔਰਤ ਮਨ ਦੇ ਗਹਿਰੇ ਸਾਗਰ ਵਿਚੋਂ ਚੁਣ ਕੇ ਲਿਆਂਦੇ ਮੋਤੀ ਹਨ ਜੋ ਉਸ ਦੀ 'ਰੂਹ ਦੀ ਗਾਨੀ' ਬਣਦੇ ਹਨ ਅਤੇ ਇਹ 'ਰੂਹ ਦੀ ਗਾਨੀ' ਉਸ ਗਲੇ ਦਾ ਸ਼ਿੰਗਾਰ ਬਣਨਾ ਲੋਚਦੀ ਹੈ ਜਿਸ ਨੂੰ ਪਿਆਰ ਗੜੁੱਚੇ ਦਿਲ ਨਾਲ ਕਵਿਤਰੀ 'ਕੁਝ ਤਾਂ ਕਹਿ' ਦਾ ਰਾਗ ਅਲਾਪ ਰਹੀ ਹੈ। ਸੁਰਿੰਦਰ ਸਿਦਕ ਕੋਲ ਨਿੱਜੀ ਜਜ਼ਬਿਆਂ ਨੂੰ ਕਾਵਿ ਰੂਪ ਦੇਣ ਦਾ ਹੁਨਰ ਹੈ। ਉਸ ਦੀ ਰਚਨਾ ਵਿਚਲੇ ਸਰੋਕਾਰ ਸਿਰਫ਼ ਕੜੀਦਾਰ ਭਾਵ ਇਕ ਕਾਲ ਦੀ ਪੇਸ਼ਕਾਰੀ ਕਰਨ ਤੱਕ ਹੀ ਮਹਿਦੂਦ ਨਹੀਂ ਹਨ ਸਗੋਂ ਲੜੀਦਾਰ ਰੂਪ ਵਿਚ ਪੇਸ਼ ਹੋ ਕੇ ਇਤਿਹਾਸ ਅਤੇ ਪਰੰਪਰਾ ਨੂੰ ਵੀ ਆਪਣੇ ਕਲੇਵਰ ਵਿਚ ਸਮੇਟਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਸੁਰਿੰਦਰ ਸਿਦਕ ਦੀ ਸ਼ਾਇਰੀ ਖੜੋਤ ਦੀ ਸ਼ਾਇਰੀ ਨਹੀਂ ਸਗੋਂ ਕਾਲੰਤਰ ਦੌਰਾਨ ਨਿਰੰਤਰ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਵਿਚ ਕਵੀ ਹਿਰਦੇ ਦੇ ਅਹਿਸਾਸਾਂ ਦੀ ਕਲਾਤਮਕ ਪੇਸ਼ਕਾਰੀ ਹੈ। ਇਸ ਪੇਸ਼ਕਾਰੀ ਦੌਰਾਨ ਸੁਰਿੰਦਰ ਸਿਦਕ ਆਪਣੀਆਂ ਰਚਨਾਵਾਂ ਵਿਚ ਜਿੱਥੇ ਇਕ ਪਾਸੇ ਔਰਤ ਦੇ ਸੰਵੇਦਨਸ਼ੀਲ ਮਨ ਦੀਆਂ ਪਰਤਾਂ ਫਰੋਲਦੀ ਹੋਈ, ਕਿਸੇ ਸੱਜਰੇ ਖਿੜ ਰਹੇ ਫੁੱਲ ਦੀਆਂ ਕਲੀਆਂ ਵਰਗੇ ਕੂਲੇ ਤੇ ਨਾਜ਼ੁਕ ਅਹਿਸਾਸਾਂ ਦੀ ਪੇਸ਼ਕਾਰੀ ਕਰਦੀ ਹੈ ਉੱਥੇ ਹੀ ਦੂਸਰੇ ਪਾਸੇ ਕਿਧਰੇ ਵੀ ਸਮਾਜ ਵਿਚ ਉਸ ਨੂੰ ਲਤਾੜੇ ਜਾਣ ਜਾਂ ਕਿਸੇ ਵੀ ਰੂਪ ਵਿਚ ਉਸ ਦੇ ਦਮਨ ਹੋਣ ਅਤੇ ਉਸ ਨੂੰ ਗ਼ੁਲਾਮਾਂ ਵਰਗੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤੇ ਜਾਣ ਵਾਲੇ ਹਾਲਾਤਾਂ ਵਿਚ ਸੰਘਰਸ਼ ਦਾ ਰਾਹ ਪਕੜ ਕੇ ਆਪਣੀ ਆਵਾਜ਼ ਬੁਲੰਦ ਕਰਨ ਦਾ ਪੈਗ਼ਾਮ ਦਿੰਦੀ ਹੈ।*

***ਕੀਵਰਡ : ਸੁਰਿੰਦਰ ਸਿਦਕ, ਆਸਟ੍ਰੇਲੀਅਨ ਪੰਜਾਬੀ ਸਾਹਿਤ, ਪੰਜਾਬੀ ਕਾਵਿ, ਨਾਰੀ ਸਰੋਕਾਰ।***

ਸੁਰਿੰਦਰ ਸਿਦਕ ਆਸਟ੍ਰੇਲੀਅਨ ਪੰਜਾਬੀ ਸਾਹਿਤ ਦਾ ਹੀ ਨਹੀਂ ਸਗੋਂ ਸਮੁੱਚੇ ਪੰਜਾਬੀ ਸਾਹਿਤ ਦਾ ਇਕ ਅਜਿਹਾ ਹਸਤਾਖਰ ਹੈ ਜਿਸ ਨੇ ਆਪਣੀ ਸਿਰਜਣ ਸ਼ਕਤੀ ਦੇ ਸਿਰ 'ਤੇ ਪੰਜਾਬੀ ਸਾਹਿਤ ਜਗਤ ਵਿਚ ਇਕ ਨਿਵੇਕਲਾ ਮੁਕਾਮ ਹਾਸਿਲ ਕੀਤਾ ਹੈ। ਉਸ ਨੇ ਆਪਣਾ ਸਾਹਿਤਕ ਸਫ਼ਰ **ਚਾਨਣ ਦੀ ਪੈੜ** ਕਾਵਿ ਸੰਗ੍ਰਹਿ ਤੋਂ ਸ਼ੁਰੂ ਕੀਤਾ। ਇਹ ਪੁਸਤਕ ਉਨ੍ਹਾਂ ਨੇ ਚਰਚਿਤ ਕਵੀ ਅਮਿਤਾਸ ਨਾਲ ਸਾਂਝੇ ਤੌਰ 'ਤੇ ਪ੍ਰਕਾਸ਼ਿਤ ਕੀਤੀ ਸੀ। ਇਸ ਤੋਂ ਇਲਾਵਾ ਦੋ ਕਾਵਿ ਪੁਸਤਕਾਂ **ਰੂਹ ਦੀ ਗਾਨੀ (ਗ਼ਜ਼ਲ ਸੰਗ੍ਰਹਿ)** ਅਤੇ **ਕੁਝ ਤਾਂ ਕਹਿ (ਗ਼ਜ਼ਲ ਸੰਗ੍ਰਹਿ)** ਛਪ ਕੇ ਪਾਠਕਾਂ ਸਨਮੁਖ ਹਨ।

ਸੁਰਿੰਦਰ ਸਿਦਕ ਆਸਟ੍ਰੇਲੀਆ ਸਮੇਤ ਦੁਨੀਆ ਵੱਖ-ਵੱਖ ਮੁਲਕਾਂ ਵਿਚ ਸੈਮੀਨਾਰਾਂ ਅਤੇ ਕਵੀ ਦਰਬਾਰਾਂ ਰਾਹੀਂ ਨਵੀਂ ਪੀੜੀ ਨੂੰ ਪਾਠਨ, ਸਾਹਿਤ ਚਿੰਤਨ ਅਤੇ ਸਾਹਿਤ ਸਿਰਜਣਾ ਨਾਲ ਜੋੜਨ ਲਈ ਲਗਾਤਾਰ ਉੱਦਮਸ਼ੀਲ ਰਹਿੰਦੀ ਹੈ। ਸੁਰਿੰਦਰ ਸਿਦਕ ਆਸਟ੍ਰੇਲੀਆ ਵਿਚ ਤੀਸਰੇ ਪੂਰ ਦੀ ਕਵਿਤਰੀ ਹੈ ਜੋ ਸਮਾਜ ਵਿਚ ਗ਼ਲਤ ਹੋ ਰਹੇ ਵਰਤਾਰੇ ਨੂੰ ਬੇਬਾਕੀ ਨਾਲ ਗ਼ਲਤ ਕਹਿਣ ਦੀ ਜੁਅਰਤ ਰਖਦੀ ਹੈ। ਪੰਜਾਬ ਵਿਚ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਸ਼ਹਿਰ ਮਲੋਟ ਵਿਚ ਜਨਮੀ ਸੁਰਿੰਦਰ ਸਿਦਕ ਨੇ ਆਪਣੀ ਸ਼ੁਰੂਆਤੀ ਤਾਲੀਮ ਪੰਜਾਬ ਤੋਂ ਹੀ ਹਾਸਿਲ ਕੀਤੀ। ਉਸ ਨੇ ਗ੍ਰੈਜੂਏਸ਼ਨ ਅਬੋਹਰ ਤੋਂ, ਫਾਰਮੇਸੀ ਦੀ ਪੜ੍ਹਾਈ ਲੁਧਿਆਣਾ ਤੋਂ ਅਤੇ ਬੀ. ਐਡ ਲੋਪੋ ਤੋਂ ਕੀਤੀ ਅਤੇ ਇਸ ਉਪਰੰਤ ਕੁਝ ਸਮਾਂ ਇਕ ਸਕੂਲ ਵਿਚ ਪੰਜਾਬੀ ਪੜ੍ਹਾਉਣ ਦਾ ਕਾਰਜ ਵੀ ਕੀਤਾ। ਇਸ ਸਮੇਂ ਤੱਕ ਉਸ ਦਾ ਸਾਹਿਤ ਪੜ੍ਹਨ ਵੱਲ ਤਾਂ ਥੋੜ੍ਹਾ ਬਹੁਤ ਰੁਝਾਨ ਸੀ ਪ੍ਰੰਤੂ ਸਾਹਿਤ ਸਿਰਜਣਾ ਵੱਲ ਉਸ ਦਾ ਕੋਈ ਧਿਆਨ ਨਹੀਂ ਸੀ।

2011 ਵਿਚ ਉਸ ਦੀ ਜ਼ਿੰਦਗੀ ਵਿਚ ਇਕ ਮੋੜ ਆਇਆ ਕਿ ਉਹ ਪੰਜਾਬ ਛੱਡ ਕੇ ਐਡੀਲੇਡ (ਆਸਟ੍ਰੇਲੀਆ) ਆ ਗਈ। ਇੱਥੇ ਪਹੁੰਚ ਕੇ ਹੀ ਉਸ ਨੇ ਸਾਹਿਤ ਸਿਰਜਣਾ ਦਾ ਸਫ਼ਰ ਸ਼ੁਰੂ ਕੀਤਾ। ਆਸਟ੍ਰੇਲੀਆ ਵਿਚ ਉਸ ਨੇ ਨਰਸਿੰਗ ਦੀ ਪੜ੍ਹਾਈ ਸ਼ੁਰੂ ਕੀਤੀ ਅਤੇ ਇਸੇ ਨੂੰ ਹੀ ਆਪਣਾ ਰੁਜ਼ਗਾਰ ਬਣਾ

ਲਿਆ। ਅੱਜ ਵੀ ਉਹ ਜਿੱਥੇ ਆਪਣੇ ਕਿੱਤੇ ਜ਼ਰੀਏ ਮਰੀਜਾਂ ਦੇ ਰੋਗ ਦੂਰ ਕਰਨ ਲਈ ਉਨ੍ਹਾਂ ਦੀ ਸੇਵਾ ਕਰ ਰਹੀ ਹੈ ਉੱਥੇ ਹੀ ਸਾਹਿਤ ਸਿਰਜਣਾ ਨਾਲ ਪਿਆਸੇ ਪਾਠਕ ਮਨ ਨੂੰ ਸਰਸ਼ਾਰ ਕਰ ਰਹੀ ਹੈ। ਭਾਵੇਂ ਸੁਰਿੰਦਰ ਸਿਦਕ ਪੰਜਾਬ ਤੋਂ ਪਰਵਾਸ ਕਰਕੇ ਆਸਟ੍ਰੇਲੀਆ ਵਰਗੇ ਵਿਕਸਤ ਮੁਲਕ ਵਿਚ ਰਹਿ ਰਹੀ ਹੈ ਪ੍ਰੰਤੂ ਉਸ ਦੀਆਂ ਰਚਨਾਵਾਂ ਵਿਚ ਸਿਰਫ਼ ਪਰਵਾਸੀ ਹੋਣ ਦਾ ਜਾਂ ਭੂ ਹੇਰਵੇ ਦਾ ਰੁਦਨ ਹੀ ਸ਼ਾਮਿਲ ਨਹੀਂ ਹੈ ਸਗੋਂ ਉਸ ਦੀਆਂ ਰਚਨਾਵਾਂ ਵੰਨ-ਸੁਵੰਨੇ ਫੁੱਲਾਂ ਦਾ ਉਹ ਗੁਲਦਸਤਾ ਹਨ ਜਿੰਨ੍ਹਾਂ ਵਿਚੋਂ ਮਨੁੱਖੀ ਜ਼ਿੰਦਗੀ ਦਾ ਹਰ ਰੰਗ ਉੱਭਰ ਕੇ ਸਾਹਮਣੇ ਆਉਂਦਾ ਹੈ। ਉਸ ਦੀਆਂ ਰਚਨਾਵਾਂ ਵਿਚ ਅਤੀਤ ਨਾਲ ਰਚਾਇਆ ਗਿਆ ਸੰਵਾਦ ਵੀ ਹੈ, ਇਕ ਔਰਤ ਹੋਣ ਦੇ ਨਾਤੇ ਔਰਤ ਮਨ ਦੇ ਡੂੰਘੇ ਅਹਿਸਾਸਾਂ ਦੀ ਬੜੀ ਬਾਰੀਕਬੀਨੀ ਨਾਲ ਕੀਤੀ ਸ਼ਬਦ ਚਿਤਰਕਾਰੀ ਵੀ ਹੈ। ਡਾ. ਗੁਰਚਰਨ ਕੌਰ ਕੋਚਰ ਦੇ ਸ਼ਬਦਾਂ ਵਿਚ:-

> *"ਸੁਰਿੰਦਰ ਸਿਦਕ ਇਕ ਔਰਤ ਹੋਣ ਦੇ ਨਾ ਤੇ ਆਮ ਔਰਤ ਦੀਆਂ ਮੁਸ਼ਕਿਲਾਂ, ਤਕਲੀਫ਼ਾਂ ਆਦਿ ਨੂੰ ਬਾਖ਼ੂਬੀ ਜਾਣਦੀ, ਪਛਾਣਦੀ ਅਤੇ ਸਮਝਦੀ ਵੀ ਹੈ। ਸ਼ਾਇਰਾ ਨੂੰ ਪੂਰੀ ਤਰ੍ਹਾਂ ਪਤਾ ਹੈ ਕਿ ਮਰਦ ਪ੍ਰਧਾਨ ਸਮਾਜ ਵਿਚ ਔਰਤ ਚਿਰਾਂ ਤੋਂ ਸੰਤਾਪ ਹੰਢਾਉਂਦੀ ਆ ਰਹੀ ਹੈ। ਉਸ ਨਾਲ ਹਮੇਸ਼ਾ ਵਧੀਕੀਆਂ ਹੁੰਦੀਆਂ ਰਹੀਆਂ ਹਨ ਪਰ ਫਿਰ ਵੀ ਉਸ ਨੇ ਆਪਣੇ ਘਰ-ਪਰਿਵਾਰ ਨੂੰ ਟੁੱਟਣ ਤੋਂ ਬਚਾਉਣ ਲਈ ਸਦਾ ਢਾਲ ਦਾ ਕੰਮ ਹੀ ਕੀਤਾ ਹੈ। ਉਹ ਆਪਣੇ ਦੁਖੜੇ ਵੀ ਮਿੱਟੀ ਦੇ ਪੁਤਲਿਆਂ ਨਾਲ ਫਰੋਲਦੀ ਰਹੀ ਹੈ। ਔਰਤ ਦੀ ਅਜਿਹੀ ਤ੍ਰਾਸਦੀ ਬਾਰੇ ਸੁਰਿੰਦਰ ਸਿਦਕ ਨੇ ਬਹੁਤ ਹੀ ਖੂਬਸੂਰਤ ਪ੍ਰਤੀਕਾਂ ਵਿਚ ਕਈ ਸ਼ਿਅਰ ਕਹੇ ਹਨ।"[1]*

ਸੁਰਿੰਦਰ ਸਿਦਕ ਦੀਆਂ ਕਵਿਤਾਵਾਂ ਔਰਤ ਮਨ ਦੇ ਗਹਿਰੇ ਸਾਗਰ ਵਿਚੋਂ ਚੁਣ ਕੇ ਲਿਆਂਦੇ ਮੋਤੀ ਹਨ ਜੋ ਉਸ ਦੀ 'ਰੂਹ ਦੀ ਗਾਨੀ' ਬਣਦੇ ਹਨ ਅਤੇ ਇਹ 'ਰੂਹ ਦੀ ਗਾਨੀ' ਉਸ ਗਲੇ ਦਾ ਸ਼ਿੰਗਾਰ ਬਣਨਾ ਲੋਚਦੀ ਹੈ ਜਿਸ ਨੂੰ ਪਿਆਰ ਗੜੁੱਚੇ ਦਿਲ ਨਾਲ ਕਵਿਤਰੀ 'ਕੁਝ ਤਾਂ ਕਹਿ' ਦਾ ਰਾਗ ਅਲਾਪ ਰਹੀ ਹੈ। ਸੁਰਿੰਦਰ ਸਿਦਕ ਕੋਲ ਨਿੱਜੀ ਜਜ਼ਬਿਆਂ ਨੂੰ ਕਾਵਿ ਰੂਪ ਦੇਣ ਦਾ ਹੁਨਰ ਹੈ। ਉਸ ਦੀ ਰਚਨਾ ਵਿਚਲੇ ਸਰੋਕਾਰ ਸਿਰਫ਼ ਕੜੀਦਾਰ ਭਾਵ ਇਕ ਕਾਲ ਦੀ ਪੇਸ਼ਕਾਰੀ ਕਰਨ ਤੱਕ ਹੀ ਮਹਿਦੂਦ ਨਹੀਂ ਹਨ ਸਗੋਂ ਲੜੀਦਾਰ ਰੂਪ ਵਿਚ ਪੇਸ਼ ਹੋ ਕੇ ਇਤਿਹਾਸ ਅਤੇ ਪਰੰਪਰਾ ਨੂੰ ਵੀ ਆਪਣੇ ਕਲੇਵਰ ਵਿਚ ਸਮੇਟਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਸੁਰਿੰਦਰ ਸਿਦਕ ਦੀ ਸ਼ਾਇਰੀ ਖੜੋਤ ਦੀ ਸ਼ਾਇਰੀ ਨਹੀਂ ਸਗੋਂ ਨਿਰੰਤਰ ਬਦਲਦੀਆਂ ਸਮਾਜਿਕ ਪ੍ਰਸਥਿਤੀਆਂ ਵਿਚ ਕਵੀ ਹਿਰਦੇ ਦੇ ਅਹਿਸਾਸਾਂ ਦੀ ਕਲਾਤਮਕ ਪੇਸ਼ਕਾਰੀ ਹੈ।

ਸੁਰਿੰਦਰ ਸਿਦਕ ਦੀ ਕਵਿਤਾ ਪਰੰਪਰਾਗਤ ਰੂੜ੍ਹੀਵਾਦੀ ਸਿਸਟਮ ਵਿਚਪਿੱਤਰ ਸੱਤਾ ਦੀ ਗ਼ੁਲਾਮੀ ਹੰਢਾਉਂਦੀ ਔਰਤ ਲਈ 'ਚਾਨਣ ਦੀ ਪੈੜ' ਪੇਸ਼ ਕਰਦੀ ਹੋਈ, ਔਰਤ ਨੂੰ ਇਸ ਗ਼ੁਲਾਮੀ ਤੋਂ ਨਿਜ਼ਾਤ ਪਾਉਣ ਦਾ ਰਾਹ ਹੀ ਨਹੀਂ ਦਸਦੀ ਸਗੋਂ ਉਸ ਨੂੰ ਉਂਗਲ ਫੜ ਕੇ ਨਾਲ ਤੋਰਦੀ ਵੀ ਨਜ਼ਰ ਆਉਂਦੀ ਹੈ। ਆਸਟ੍ਰੇਲੀਆ ਪਹੁੰਚ ਕੇ ਸਾਹਿਤ ਸਿਰਜਣਾ ਨਾਲ ਜੁੜਨ ਉਪਰੰਤ ਉਸ ਪਲੇਠੀ ਪੁਸਤਕ ਵਿਚ ਭਾਰਤੀ ਸਭਿਆਚਾਰ ਦੀ ਝਲਕ ਅਤੇ ਉਸ ਦਾ ਅਸਰ ਸਪਸ਼ਟ ਵਿਖਾਈ ਦਿੰਦਾ ਹੈ ਪ੍ਰੰਤੂ ਉਸ ਬਾਅਦ ਦੀ ਸ਼ਾਇਰੀ ਪੜ੍ਹ ਕੇ ਮਹਿਸੂਸ ਹੁੰਦਾ ਹੈ ਕਿ ਸ਼ਾਇਰਾ ਨੇ ਪੱਛਮੀ ਸਭਿਆਚਾਰ ਵਿਚ ਔਰਤ ਦੀ ਆਜ਼ਾਦੀ ਨੂੰ ਮਹਿਸੂਸ ਕਰ ਲਿਆ ਹੈ ਅਤੇ ਹੁਣ ਉਹ ਭਾਰਤੀ ਸਮਾਜ ਵਿਚ ਵਿਚਰ ਰਹੀ ਔਰਤ ਅਤੇ ਪੱਛਮੀ ਸਮਾਜ ਵਿਚ ਵਿਚਰਦੀ ਔਰਤ ਵਿਚਲੇ ਫ਼ਰਕ ਤੁਲਨਾਤਮਕ ਦ੍ਰਿਸ਼ਟੀ ਤੋਂ ਵੇਖ ਰਹੀ ਹੈ ਅਤੇ ਫਿਰ ਇਸ ਦੀ ਪੇਸ਼ਕਾਰੀ ਆਪਣੀਆਂ ਰਚਨਾਵਾਂ ਵਿਚ ਕਰ ਰਹੀ ਹੈ। ਉਹ ਔਰਤ ਮਰਦ ਦੇ ਪਿਆਰ ਨੂੰ ਨਿਰੋਲ ਜਿਸਮਾਨੀ ਖੇਡ ਨਾ ਸਮਝ ਕੇ ਇਸ ਵਿਚੋਂ ਰੂਹਾਨੀਅਤ ਦੀ ਤਾਲਾਸ਼ ਕਰਦੀ ਹੈ। ਸੁਲੱਖਣ ਸਰਹੱਦੀ ਉਸ ਦੇ ਗ਼ਜ਼ਲ ਸੰਗ੍ਰਹਿ ਰੂਹ ਦੀ ਗਾਨੀ ਦੀ ਭੂਮਿਕਾ ਵਿਚ ਸੁਰਿੰਦਰ ਸਿਦਕ ਦੀ ਗ਼ਜ਼ਲ ਬਾਰੇ ਇਸ ਤਰ੍ਹਾਂ ਦੇ ਵਿਚਾਰ ਪੇਸ਼ ਕਰਦੇ ਹਨ:-

> *"ਰੂਹ ਦੀ ਗਾਨੀ ਗ਼ਜ਼ਲ ਸੰਗ੍ਰਹਿ ਵਾਕਈ ਰੂਹ ਦੀ ਗਾਨੀ ਹੈ ਜਿਸ ਨੂੰ ਸਿਦਕ ਨੇ ਡੂੰਘੇ ਸਮੁੰਦਰਾਂ ਦੀਆਂ ਸਿੱਪੀਆਂ ਦੇ ਸੁੱਚੇ ਮੋਤੀਆਂ ਰੂਪੀ ਸ਼ਿਅਰਾਂ ਨਾਲ ਪਿਰੋਇਆ ਹੈ। ਸਿਦਕ ਦੀ ਗ਼ਜ਼ਲ ਵਿਚ ਉਹ ਸਾਰੇ ਗੁਣ ਹਨ ਜੋ ਕਿ ਨਾਰੀ ਦੀ ਗ਼ਜ਼ਲ ਵਿਚ ਲਾਜ਼ਮ ਹਨ। ਪਰਵਾਸ ਵਿਚ ਰਹਿੰਦਿਆਂ ਉਸ ਨੂੰ ਵਤਨ ਹੁਬ ਤੜਪਾਉਂਦੀ ਜ਼ਰੂਰ ਹੈ ਪਰ ਉਹ ਇਸ ਦਾ ਰੁਦਨ ਨਹੀਂ ਕਰਦੀ। ਉਸ ਦੀਆਂ ਗ਼ਜ਼ਲਾਂ ਵਿਚ ਨਿੱਜ ਤੋਂ ਲੈ ਕੇ ਕੁੱਲ ਜਹਾਨ ਦਾ ਦਰਦ ਹੈ। ਆਮ ਨਾਰੀਆਂ ਵਾਂਗ ਉਸ ਨੇ ਜਿਨਸੀ ਪ੍ਰੇਮ ਤੱਕ ਹੀ ਗ਼ਜ਼ਲ ਨੂੰ ਮਹਿਦੂਦ ਨਹੀਂ ਰੱਖਿਆ।"[2]*

ਸੁਰਿੰਦਰ ਸਿਦਕ ਇਕ ਔਰਤ ਦੇ ਰੂਪ ਵਿਚ ਮਰਦ ਦੀ ਸ਼ਾਸਕ ਵਾਲੀ ਮਾਨਸਿਕਤਾ ਦੇ ਤਸ਼ੱਦਦ ਦੀ ਪੀੜ ਹੰਢਾਉਂਦੀ ਸ਼ੋਸ਼ਿਤ ਔਰਤ ਦੀ ਵੇਦਨਾ ਨੂੰ ਮਹਿਸੂਸ ਤਾਂ ਕਰਦੀ ਹੀ ਹੈ ਨਾਲ ਹੀ ਇਕ ਪਰਵਾਸੀ ਹੋਣ ਕਾਰਨ ਪਰਵਾਸ ਵਿਚ ਔਰਤ-ਮਰਦ ਦੇ ਸਾਂਝੇ ਜਜ਼ਬੇ, ਖੁਸ਼ੀਆਂ, ਗ਼ਮੀਆਂ, ਬੇਵਸੀਆਂ, ਸੁਪਨਿਆਂ ਦੀ ਪੂਰਤੀ ਲਈ ਨਿਤ ਦਾ ਸੰਘਰਸ਼, ਸਥਾਪਤੀ ਲਈ ਜੂਝਣਾ ਅਤੇ ਪਛਾਣ ਦੇ ਮਸਲਿਆਂ ਨੂੰ ਆਧਾਰ ਬਣਾਉਂਦੀ ਹੋਈ ਆਪਣੇ ਰਚਨਾਤਮਕ ਖੇਤਰ ਦੇ ਦਾਇਰੇ ਨੂੰ ਵਸੀਹ ਕਰਦੀ ਹੈ ਅਤੇ ਇਹ ਉਸ ਦੀ ਕਵਿਤਾ ਦੀ ਅਧਾਰਭੂਮੀ ਬਣਦੇ ਹਨ। ਇਸ ਤਰ੍ਹਾਂ ਕਵਿਤਰੀ ਦੋ ਸਭਿਆਚਾਰਾਂ (ਪੰਜਾਬੀ ਸਭਿਆਚਾਰ

ਭਾਵ ਪਿੱਤਰੀ ਸੱਤਾ ਦਾ ਮੁੱਦਈ ਅਤੇ ਆਸਟ੍ਰੇਲੀਅਨ ਸਭਿਆਚਾਰ ਭਾਵ ਔਰਤ ਮਰਦ ਦੀ ਬਰਾਬਰੀ ਵਾਲਾ ਸਭਿਆਚਾਰ) ਦੇ ਦਵੰਦਾਂ, ਸਮਾਨਤਾਵਾਂ ਅਤੇ ਮਨੁੱਖੀ ਜੀਵਨ ਦੇ ਹੋਰ ਅਨੇਕਾਂ ਪਾਸਾਰਾਂ ਨੂੰ ਉਨ੍ਹਾਂ ਦੇ ਤੁਲਨਾਤਮਕ ਪਰਿਪੇਖ ਵਿਚ ਸਮਝ ਕੇ ਅਤੇ ਚਿੰਤਨ ਦੀ ਕਸਵੱਟੀ 'ਤੇ ਪਰਖ ਕੇ ਵੱਖ-ਵੱਖ ਪੱਖਾਂ ਤੋਂ ਰਚਨਾ ਵਿਚ ਪੇਸ਼ ਕਰਦਿਆਂ ਦੋਹਰੀ ਜ਼ਿੰਮੇਵਾਰੀ ਨਿਭਾਉਂਦੀ ਹੈ। ਡਾ. ਧਨਵੰਤ ਕੌਰ ਪਰਵਾਸੀ ਲੇਖਿਕਾਵਾਂ ਦੀ ਇਸ ਜ਼ਿੰਮੇਵਾਰੀ ਨੂੰ ਅਤੇ ਸਾਹਿਤ ਵਿਚ ਇਨ੍ਹਾਂ ਦੀ ਭੂਮਿਕਾ ਨੂੰ ਵਿਸ਼ੇਸ਼ ਤਵੱਜੋ ਦਿੰਦੇ ਹਨ:-

*"ਪਰਵਾਸੀ ਲੇਖਿਕਾਵਾਂ ਦੇ ਸੰਦਰਭ ਵਿਚ ਤਾਂ ਕਈ ਹੋਰ ਜਾਵੀਏ ਵੀ ਸ਼ਾਮਿਲ ਹੁੰਦੇ ਹਨ ਕਿਉਂਕਿ ਪਰਵਾਸੀ ਪੰਜਾਬੀ ਲੇਖਿਕਾਵਾਂ ਨਿਰੋਲ ਪੰਜਾਬੀ ਨਾਰੀ ਦਾ ਇਤਿਹਾਸ ਹੀ ਨਹੀਂ ਲਿਖ ਰਹੀਆਂ, ਉਹ ਪੰਜਾਬੀ ਨਾਰੀ ਦੇ ਪਰਵਾਸ ਦਾ, ਪੰਜਾਬੀ ਸਮਾਜ ਦੇ ਅੰਤਰ ਸਭਿਆਚਾਰਕ ਤੇ ਪਾਰ ਸਭਿਆਚਾਰਕ ਦਵੰਦਾਂ ਦਾ ਅਤੇ ਇਨ੍ਹਾਂ ਦੇ ਦੋਹਰੇ ਪਰਿਪੇਖਾਂ, ਦੋਹਰੀਆਂ ਦ੍ਰਿਸ਼ਟੀਆਂ ਕਾਰਨ ਹੋਰ ਗਹਿਰਾ ਗਏ ਸੰਕਟਾਂ ਦੀਆਂ ਵੀ ਜ਼ਾਮਨ ਬਣ ਰਹੀਆਂ ਹਨ। ਇਸੇ ਕਰਕੇ ਇਨ੍ਹਾਂ ਦੀ ਭੂਮਿਕਾ ਬਹੁ ਪਾਸਾਰੀ ਹੈ"।*[3]

ਔਰਤ-ਮਰਦ ਦੇ ਰਿਸ਼ਤੇ ਦੀਆਂ ਬਾਰੀਕ ਤੰਦਾਂ ਨੂੰ ਪਕੜਦਿਆਂ ਉਹ ਜਿੱਥੇ ਮਰਦ ਦੁਆਰਾ ਔਰਤ ਉੱਪਰ ਕੀਤੇ ਜ਼ੁਲਮਾਂ ਦੀ ਮੁਜ਼ੱਮਤ ਕਰਦੀ ਹੈ, ਉੱਥੇ ਮੁਹੱਬਤ ਨੂੰ ਪਾ ਲੈਣ ਲਈ ਖ਼ੁਦ ਨੂੰ ਮਿਟਾ ਦੇਣ ਤੱਕ ਦਾ ਜੇਰਾ ਵੀ ਰੱਖਦੀ ਹੈ:-

*ਰਿਮਝਿਮ ਹੈ ਬਰਸਾਤ ਸੱਜਣ ਜੀ, ਰਿਮਝਿਮ ਹੈ ਬਰਸਾਤ।*
*ਪਿਆਸੀ ਪਿਆਸੀ ਰੂਹ ਹੈ ਸਾਡੀ, ਭਿੱਜੀ ਭਿੱਜੀ ਰਾਤ।*
*ਮੇਰੀ ਹੋਸ਼ ਦੇ ਹਰ ਜ਼ੱਰੇ ਵਿਚ ਚਮਕੇ ਤੇਰੀ ਬਾਤ।*
*ਆਤਮਾ ਅੰਦਰ ਰੀਝ ਬੜੀ ਸੀ, ਕਰਦੀ ਆਤਮ-ਸਾਤ।*
*ਐ ਮੇਰੇ ਸਿਰਤਾਜ ਇਸ਼ਕ ਦਾ ਜਿੱਤ ਜਾਵੇਂ ਤੂੰ ਤਾਜ,*
*ਤੇਰੀ ਖ਼ੁਸ਼ੀ ਦੀ ਖ਼ਾਤਿਰ ਹੀ ਮੈਂ ਖਾ ਜਾਂਦੀ ਹਾਂ ਮਾਤ।*
*ਤੇਰੇ ਨਾਲ ਹੀ ਮੇਰੀਆਂ ਖ਼ੁਸ਼ੀਆਂ ਤੇਰੇ ਨਾਲ ਹੀ ਲੋਅ,*
*ਸੂਰਜ ਬਾਝੋਂ ਜਿੰਦਾਂ ਚੰਨ ਦੀ ਹੁੰਦੀ ਨਹੀਂ ਔਕਾਤ।*[4]

ਸੁਰਿੰਦਰ ਸਿਦਕ ਦੀਆਂ ਗ਼ਜ਼ਲਾਂ ਵਿਚ ਨਾਰੀ ਦਾ ਜੋ ਬਿੰਬ ਪੇਸ਼ ਹੋਇਆ ਹੈ ਇਕ ਸੰਵੇਦਨਸ਼ੀਲ ਅਤੇ ਚੇਤੰਨ ਨਾਰੀ ਦਾ ਹੈ ਜੋ ਸਦੀਆਂ ਤੋਂ ਗ਼ੁਲਾਮੀ ਹੰਢਾ ਰਹੀ ਔਰਤ ਨੂੰ ਆਜ਼ਾਦ ਫਿਜ਼ਾ ਵਿਚ ਜ਼ਿੰਦਗੀ ਜਿਉਣ ਦਾ ਹੁਨਰ ਦਸਦੀ ਹੈ। ਅਜਿਹਾ ਕਰਦਿਆਂ ਉਹ ਔਰਤ ਨੂੰ ਮਰਦ ਦੇ ਤਰਸ ਦੀ ਪਾਤਰ ਬਣ ਖ਼ੈਰਾਤ ਵਿਚ ਮਿਲੀ ਆਜ਼ਾਦੀ ਜਾਂ ਮੁਹੱਬਤ ਦੀ ਹਮਾਇਤ ਨਹੀਂ ਕਰਦੀ ਸਗੋਂ ਪੱਛਮੀ ਸਭਿਆਚਾਰ ਦੇ ਪ੍ਰਭਾਵ ਹੇਠ ਔਰਤ ਦੇ ਵਕਾਰ ਦੀ ਸਲਾਮਤੀ ਲਈ ਆਵਾਜ਼ ਬੁਲੰਦ ਕਰਦਿਆਂ, ਇਕ ਪਾਸੇ ਔਰਤ ਨੂੰ ਆਪਣੇ ਹੱਕਾਂ ਪ੍ਰਤੀ ਸੁਚੇਤ ਕਰਦੀ ਹੈ, ਦੂਜੇ ਪਾਸੇ ਮਰਦ ਧਿਰ ਦੁਆਰਾ ਔਰਤ ਨੂੰ ਮਜ਼ਲੂਮ ਸਮਝਣਾ, ਉਸ ਦੇ ਮਨ ਦੀਆਂ ਪਰਤਾਂ ਦੀ ਥਾਹ ਪਾ ਕੇ ਉਸ ਦੇ ਦਿਲ ਵਿਚ ਸਤਿਕਾਰ ਪਾਉਣ ਦੀ ਥਾਂ ਉਸ ਨੂੰ ਜਿਸਮਾਨੀ ਰੂਪ ਵਿਚ ਆਪਣਾ ਗ਼ੁਲਾਮ ਰੱਖਣ ਦੀ ਇੱਛਾ ਨੂੰ ਵੰਗਾਰਦੀ ਹੈ:-

*ਸਿਤਮ ਜੱਗ ਦੇ ਕੁੜੀਏ ਜਰੇਂਗੀ ਕਦੋਂ ਤੱਕ?*
*ਤੂੰ ਲੁਕ ਲੁਕ ਕੇ ਹੌਕੇ ਭਰੇਂਗੀ ਕਦੋਂ ਤੱਕ?*
*ਪਰਿਵਾਰ ਖ਼ਾਤਿਰ ਤੂੰ ਆਪਣਾ ਸਵੈਮਾਣ ਵਾਰੇਂ*
*ਨੀ ਸਮਝੌਤੇ ਐਸੇ ਕਰੇਂਗੀ ਕਦੋਂ ਤੱਕ?*[5]

ਔਰਤ ਦੀ ਇਸ ਮਾੜੀ ਹਾਲਤ ਪਿੱਛੇ ਜਾਗੀਰਦਾਰੀ ਸਿਸਟਮ ਪਿਆ ਹੈ। ਜਿਸ ਵਿਚ ਔਰਤ ਭੋਗ ਦੀ ਵਸਤੂ ਤੋਂ ਵੱਧ ਆਪਣਾ ਕੋਈ ਮੁਕਾਮ ਨਾ ਪਾ ਸਕੀ। ਧਰਮ ਦੇ ਕਾਰਜਾਂ ਵਿਚ ਔਰਤ ਦੀ ਆਮਦ ਵਰਜਿਤ ਮੰਨੀ ਜਾਂਦੀ ਸੀ। ਔਰਤ ਨੂੰ ਕਦੇ ਆਦਮ ਅਤੇ ਹਵਾ ਦੀ ਕਹਾਣੀ ਅਨੁਸਾਰ ਮਰਦ ਨੂੰ ਸਵਰਗ ਵਿਚੋਂ ਕਢਵਾਉਣ ਵਾਲੀ ਕਿਹਾ ਗਿਆ, ਕਦੀ ਨਾਥ ਪਰੰਪਰਾ ਤਹਿਤ ਔਰਤ ਦੇ ਮੱਥੇ ਲੱਗਣਾ ਹੀ ਮਾੜਾ ਗਿਣਿਆ ਗਿਆ, ਕਦੇ ਮਹਾਭਾਰਤ ਅਤੇ ਰਮਾਇਣ ਵਰਗੇ ਯੁੱਧਾਂ ਦਾ ਕਾਰਨ ਗਿਣਿਆ ਗਿਆ। ਸਭ ਤਰ੍ਹਾਂ ਦੇ ਕਾਨੂੰਨ ਉਸ ਨੂੰ ਬੰਦਿਸ਼ਾਂ ਦੇ ਘੇਰੇ ਵਿਚ ਜਕੜਨ ਲਈ ਹੀ ਬਣੇ ਸਨ। ਭਾਰਤ ਵਰਗੇ ਮੁਲਕ ਆਜ਼ਾਦ ਹੋਣ ਉਪਰੰਤ ਬਣੇ ਕਾਨੂੰਨਾਂ ਵਿਚ ਔਰਤ ਨੂੰ ਕੁਝ ਰਿਆਇਤਾਂ ਤਾਂ ਮਿਲੀਆਂ ਪ੍ਰੰਤੂ ਇਹ ਰਿਆਇਤਾਂ ਘਰ ਦੀ ਦਹਿਲੀਜ਼ ਤੇ ਆ ਕੇ ਦਮ ਤੋੜ ਜਾਂਦੀਆਂ ਸਨ:-

*"ਦਿੱਲੀ ਹਾਈ ਕੋਰਟ ਨੇ 1984 ਵਿਚ ਆਪਣੇ ਇਕ ਫ਼ੈਸਲੇ ਵਿਚ ਲਿਖਿਆ ਸੀ ਕਿ ਭਾਰਤੀ ਸੰਵਿਧਾਨ ਤਹਿਤ ਸਾਰੇ ਸ਼ਹਿਰੀਆਂ ਨੂੰ ਮਿਲੇ ਬੁਨਿਆਦੀ ਹਕੂਕ ਪਰਿਵਾਰ ਦੇ ਅੰਦਰ ਲਾਗੂ ਨਹੀਂ ਹੁੰਦੇ, ਇਹ ਹਕੂਕ ਪਰਿਵਾਰ ਦੇ ਬੂਹੇ ਉੱਤੇ ਖ਼ਤਮ ਹੋ ਜਾਂਦੇ ਹਨ। ਜੱਜ ਨੇ ਸਾਫ਼ ਲਿਖਿਆ ਸੀ ਕਿ ਬੁਨਿਆਦੀ ਹਕੂਕ ਨੂੰ ਪਰਿਵਾਰ ਅੰਦਰ ਲਾਗੂ ਕਰਨ ਦਾ ਮਤਲਬ 'ਚੀਨੀ ਮਿੱਟੀ ਦੇ ਭਾਂਡਿਆਂ ਦੀ ਦੁਕਾਨ ਵਿਚ' ਸਾਨ੍ਹ ਨੂੰ ਖੁੱਲ੍ਹਾ ਛੱਡਣ ਦੇ ਬਰਾਬਰ ਹੈ। ਦਰਅਸਲ ਜੱਜ ਦੀ ਦਲੀਲ ਠੀਕ ਸੀ। ਜੇ ਬੁਨਿਆਦੀ ਹਕੂਕ ਪਰਿਵਾਰ ਉੱਤੇ ਲਾਗੂ ਹੋਣਗੇ ਤਾਂ ਹਰ ਜਣੀ ਬਰਾਬਰ ਦੀ ਆਜ਼ਾਦ*

*ਸ਼ਹਿਰੀ ਹੋਵੇਗੀ ਅਤੇ ਪਰਿਵਾਰ ਦਾ ਢਾਂਚਾ ਢਹਿ-ਢੇਰੀ ਹੋ ਜਾਵੇਗਾ। ਪਰਿਵਾਰ ਦੇ ਮੌਜੂਦਾ ਢਾਂਚੇ ਵਿਚ ਲਿੰਗਵਾਦੀ ਅਤੇ ਉਮਰ ਦੇ ਹਿਸਾਬ ਨਾਲ ਗ਼ਲਬਾ ਚਲਦਾ ਹੈ। ਔਰਤਾਂ ਦੇ ਮਾਮਲੇ ਵਿਚ ਉਮਰ ਦੀ ਦਲੀਲ ਪਾਸੇ ਕਰ ਦਿੱਤੀ ਜਾਂਦੀ ਹੈ ਅਤੇ ਵੱਡੀਆਂ ਔਰਤਾਂ ਉੱਤੇ ਨੌਜਵਾਨ ਮਰਦਾਂ ਦੀ ਚੌਧਰ ਚਲਦੀ ਹੈ। ਇਸ ਤਰ੍ਹਾਂ ਪਰਿਵਾਰ ਦੀ ਬੁਨਿਆਦ ਨਾਬਰਾਬਰੀ ਉੱਤੇ ਟਿਕੀ ਹੋਈ ਹੈ। ਇਸ ਦਾ ਕੰਮ ਨਿੱਜੀ ਜਾਇਦਾਦ ਦੀ ਮਲਕੀਅਤ ਅਤੇ ਜੱਦ ਨੂੰ ਅੱਗੇ ਤੋਰਨਾ ਹੈ। ਜਾਇਦਾਦ ਦੀ ਮਲਕੀਅਤ ਅਤੇ ਜੱਦ-ਗੋਤ ਦਾ ਨਾਮ ਪਿਤਾ ਤੋਂ ਪੁੱਤਰਾਂ ਦੇ ਹਿੱਸੇ ਆਉਂਦਾ ਹੈ।"*[6]

ਇਸ ਪ੍ਰਕਾਰ ਪਰੰਪਰਾਗਤ ਜੀਵਨ ਮੁੱਲਾਂ ਵਿਚ ਇਹ ਔਰਤ ਦੀ ਹੋਣੀ ਹੀ ਬਣ ਗਈ ਸੀ ਕਿ ਉਸ ਨੂੰ ਚਾਹੁੰਦਿਆਂ ਨਾ ਚਾਹੁੰਦਿਆਂ ਉਵੇਂ ਹੀ ਰਹਿਣਾ ਪੈਂਦਾ ਸੀ ਜਿਵੇਂ ਪਰਿਵਾਰ ਦਾ ਮਰਦ ਉਸ ਨੂੰ ਰੱਖਣਾ ਚਾਹੁੰਦਾ ਸੀ। ਇਸ ਦਾ ਵਿਰੋਧ ਕਰਨਾ ਔਰਤ ਲਈ ਅਸੰਭਵ ਕਾਰਜ ਲਗਦਾ ਹੈ। ਪਰਿਵਾਰ ਵਿਚ ਵੱਖ-ਵੱਖ ਰਿਸ਼ਤਿਆਂ ਵਿਚ ਉਸ ਨਾਲ ਮਰਦ ਦੇ ਰੂਪ ਵਿਚ ਪੂਰਾ ਸਮਾਜ ਉਸ ਦੇ ਹਰ ਕਦਮ ਦੇ ਬੜੀ ਬਾਰੀਕਬੀਨੀ ਨਾਲ ਨਜ਼ਰ ਰੱਖ ਰਿਹਾ ਹੁੰਦਾ ਹੈ। ਬਚਪਨ ਤੋਂ ਹੀ ਉਸ ਨੂੰ ਮਰਦ ਦੀ ਆਧੀਨਗੀ ਨੂੰ ਸਵੀਕਾਰ ਕਰਨ ਅਤੇ ਉਸ ਅਨੁਸਾਰ ਹੀ ਜ਼ਿੰਦਗੀ ਹੰਢਾਉਣ ਦੀ ਬਾਕਾਇਦਾ ਟਰੇਨਿੰਗ ਦਿੱਤੀ ਜਾਂਦੀ ਹੈ। ਉਸ ਦੇ ਮਨ ਵਿਚ ਇਹ ਗੱਲ ਚੰਗੀ ਤਰ੍ਹਾਂ ਬਿਠਾ ਦਿੱਤੀ ਜਾਂਦੀ ਹੈ ਕਿ ਉਸ ਦੀ ਹੋਂਦ ਓਨਾ ਸਮਾਂ ਹੀ ਬਣੀ ਰਹਿ ਸਕਦੀ ਹੈ ਜਿੰਨਾ ਸਮਾਂ ਉਹ ਮਰਦ ਦੀਆਂ ਨਜ਼ਰਾਂ ਵਿਚ ਆਪਣਾ ਮਿਆਰ ਕਾਇਮ ਰੱਖ ਸਕੇਗੀ। ਨਤੀਜਨ ਉਹ ਮਰਦ ਦੀ ਨਜ਼ਰ ਵਿਚ ਆਪਣਾ ਮਿਆਰ ਬਣਾਉਣ ਅਤੇ ਕਾਇਮ ਰੱਖਣ ਲਈ ਵੱਖ-ਵੱਖ ਉਪਰਾਲੇ ਕਰਦੀ ਹੈ। ਇਸ ਲਈ ਨਾ ਚਾਹੁੰਦੇ ਹੋਏ ਵੀ ਉਸ ਦੀ ਹੋਣੀ ਬਣ ਜਾਂਦੀ ਹੈ ਜੋ ਉਸ ਨੂੰ ਸਾਰੀ ਜ਼ਿੰਦਗੀ ਹੰਢਾਉਣੀ ਪੈਂਦੀ ਹੈ। ਇਸ ਸਬੰਧੀ ਐਸ. ਮਿਲਰ ਦੇ ਸ਼ਬਦ ਵਿਚਾਰਨਯੋਗ ਹਨ:-

*"ਸਾਰੇ ਸਮਾਜਿਕ ਅਤੇ ਪ੍ਰਕ੍ਰਿਤਕ ਕਾਰਣ ਆਪਸ ਵਿਚ ਮਿਲ ਕੇ ਇਕ ਇਹੋ ਜਿਹੀ ਸਥਿਤੀ ਖੜ੍ਹੀ ਕਰ ਦਿੰਦੇ ਹਨ ਕਿ ਔਰਤਾਂ ਦਾ ਸੰਗਠਿਤ ਹੋ ਕੇ ਮਰਦ ਸੱਤਾ ਦਾ ਵਿਰੋਧ ਕਰਨਾ ਨਾ ਮੁਮਕਿਨ ਵਰਗਾ ਹੋ ਜਾਂਦਾ ਹੈ। ਉਹ ਇਸ ਮਾਮਲੇ ਵਿਚ ਜ਼ਰੂਰ ਦੂਸਰੇ ਸ਼ੋਸਿਤ ਵਰਗਾਂ ਤੋਂ ਅਲੱਗ ਹਨ ਕਿ ਉਹਨਾਂ ਦੇ ਮਾਲਕਾਂ ਨੂੰ ਵਾਸਤਵਿਕ ਸੇਵਾਵਾਂ ਦੇ ਇਲਾਵਾ ਉਹਨਾਂ ਤੋਂ ਕੁਝ ਹੋਰ ਵੀ ਚਾਹੀਦਾ ਹੁੰਦਾ ਹੈ। ਮਰਦ- ਔਰਤਾਂ ਤੋਂ ਕੇਵਲ ਹੁਕਮ ਮੰਨਣ ਦੀ ਇੱਛਾ ਹੀ ਨਹੀਂ ਰੱਖਦੇ, ਉਹ ਉਹਨਾਂ ਤੋਂ ਪਿਆਰ ਵੀ ਚਾਹੁੰਦੇ ਹਨ। ਕੁਝ ਬਹੁਤ ਕਠੋਰ ਵਾਦ- ਵਿਵਾਦ ਨੂੰ ਛੱਡ ਕੇ ਮਰਦ ਆਪਣੀਆਂ ਔਰਤਾਂ ਨੂੰ ਬੱਧੇ ਗ਼ੁਲਾਮ ਦੀ ਤਰ੍ਹਾਂ ਨਹੀਂ ਬਲਕਿ ਇਕ ਇੱਛੁਕ ਗ਼ੁਲਾਮ ਦੀ ਤਰ੍ਹਾਂ ਰੱਖਣਾ ਚਾਹੁੰਦੇ ਹਨ। ਸਿਰਫ਼ ਗ਼ੁਲਾਮ ਨਹੀਂ ਬਲਕਿ ਪਸੰਦੀਦਾ ਗ਼ੁਲਾਮ। ਇਸ ਲਈ ਉਹਨਾਂ ਦੀ ਸੋਚ ਨੂੰ ਬੰਦੀ ਬਣਾਈ ਰੱਖਣ ਦੇ ਲਈ ਉਹਨਾਂ ਨੇ ਸਾਰੇ ਸੰਭਵ ਰਸਤੇ ਅਪਣਾਏ ਹਨ। ਹੋਰ ਸਾਰੇ ਗ਼ੁਲਾਮਾਂ ਦੇ ਮਾਲਿਕ ਆਗਿਆਕਾਰੀ ਬਣਾਈ ਰੱਖਣ ਲਈ ਆਪਣੇ ਖ਼ੁਦ ਦੇ ਜਾਂ ਧਰਮ ਦੇ ਡਰ ਦਾ ਇਸਤੇਮਾਲ ਕਰਦੇ ਹਨ ਪਰ ਕਿਉਂਕਿ ਔਰਤਾਂ ਦੇ ਮਾਲਿਕ ਕੇਵਲ ਆਗਿਆਕਰਤਾ ਨਹੀਂ ਚਾਹੁੰਦੇ ਸੀ ਇਸ ਲਈ ਉਹਨਾਂ ਨੇ ਸਿੱਖਿਆ ਦੀ ਪੂਰੀ ਸ਼ਕਤੀ ਨੂੰ ਇਸ ਉਦੇਸ਼ ਵਿਚ ਲਗਾ ਦਿੱਤਾ। ਸਾਰੀਆਂ ਇਸਤਰੀਆਂ ਬਚਪਨ ਤੋਂ ਹੀ ਇਹ ਪੜ੍ਹਦੀਆਂ ਸਿੱਖਦੀਆਂ ਹੋਈਆਂ ਵੱਡੀਆਂ ਹੋਣ ਲਗਦੀਆਂ ਹਨ ਕਿ ਉਹਨਾਂ ਦੇ ਲਈ ਇਕ ਆਦਰਸ਼ ਚਰਿੱਤਰ ਪੁਰਸ਼ ਦੇ ਚਰਿੱਤਰ ਤੋਂ ਬਿਲਕੁਲ ਉਲਟ ਹੈ। ਇੱਛਾ ਸ਼ਕਤੀ ਦਾ ਆਭਾਵ ਆਪਣੀਆਂ ਆਪਣੀਆਂ ਭਾਵਨਾਵਾਂ ਉੱਤੇ ਕੰਟਰੋਲ ਪੁਰਸ਼ ਸੱਤਾ ਦੇ ਅੱਗੇ ਸਮਰਪਣ ਅਤੇ ਦੂਸਰਿਆਂ ਦੇ ਮੁਤਾਬਿਕ ਚੱਲਣ ਵਾਲਾ ਚਰਿੱਤਰ ਹੁੰਦਾ ਹੈ। ਹਰ ਨੈਤਿਕਤਾ ਔਰਤ ਨੂੰ ਇਹੀ ਕਹਿੰਦੀ ਹੈ ਫਿਰਦੀ ਹੈ ਅਤੇ ਅੱਜ ਕੱਲ ਦੀ ਅਤਿਭਾਵੁਕਤਾ ਵੀ ਇਹੋ ਸੰਦੇਸ਼ ਦਿੰਦੀ ਲਗਦੀ ਹੈ ਕਿ ਔਰਤ ਨੂੰ ਦੂਜਿਆਂ ਦੀ ਲਈ ਜਿਉਣਾ ਚਾਹੀਦਾ ਹੈ, ਦੂਜਿਆਂ ਦੇ ਪ੍ਰੇਮ ਅਤੇ ਕੋਮਲਤਾ ਨੂੰ ਹੀ ਆਪਣੇ ਜੀਵਨ ਦਾ ਮੰਤਵ ਸਮਝਣਾ ਚਾਹੀਦਾ ਹੈ ਅਤੇ ਇਹ ਦੂਸਰੇ ਹੈ ਕੌਣ? ਇਕ ਤਾਂ ਪਤੀ ਅਤੇ ਦੂਸਰੇ ਬੱਚੇ ਜੋ ਔਰਤ ਨੂੰ ਹੋਰ ਵੀ ਜ਼ਿਆਦਾ ਮਜ਼ਬੂਤੀ ਦੇ ਨਾਲ ਉਸ ਮਰਦ ਨਾਲ ਜੋੜ ਦਿੰਦੇ ਹਨ।"*[7]

ਸਮਾਜ ਵਿਚ ਅਜਿਹੇ ਮਰਦ ਜੋ ਨਾਰੀ ਨੂੰ ਪੈਰ ਦੀ ਜੁੱਤੀ, ਆਪਣੀ ਗ਼ੁਲਾਮ ਸਮਝਦੇ ਹਨ, ਔਰਤ ਦੀ ਜ਼ਿੰਦਗੀ ਨੂੰ ਮਰਦ ਦੀ ਮਲਕੀਅਤ ਸਮਝਦੇ ਹਨ ਜਾਂ ਕਿਸੇ ਵੀ ਤਰੀਕੇ ਔਰਤ ਨੂੰ ਉਸ ਦੇ ਹੱਕਾਂ ਤੋਂ ਵੰਚਿਤ ਰਖਦੇ ਹਨ ਅਜਿਹੇ ਮਰਦ ਨੂੰ ਸਿਦਕ ਅਸਲੀ ਮਰਦ ਨਹੀਂ ਮੰਨਦੀ ਸਗੋਂ ਉਸ ਨੂੰ ਕਾਇਰ ਜਾਂ ਡਰਪੋਕ ਮੰਨਦੀ ਹੈ ਅਤੇ ਨਾਲ ਹੀ ਉਹ ਕਲਮ ਦੀ ਤਾਕਤ ਨੂੰ ਸਭ ਹਥਿਆਰਾਂ ਤੋਂ ਤਾਕਤਵਰ ਮੰਨਦੀ ਹੋਈ ਇਹ ਇਸ਼ਾਰਾ ਕਰਦੀ ਹੈ ਕਿ ਪੜ੍ਹ ਲਿਖ ਕੇ, ਸੁਸਿਖਿਅਤ ਤਰੀਕੇ ਨਾਲ ਹੀ ਅਜੋਕੇ ਸਮਾਜ ਵਿਚ ਔਰਤ ਆਪਣੀ ਪ੍ਰਤਿਸ਼ਠਾ ਕਾਇਮ ਕਰ ਸਕਦੀ ਹੈ।

*ਨਾਰੀ ਨੂੰ ਜੋ ਜੁੱਤੀ ਸਮਝੇ*
*ਮੂਜੀ ਹੈ ਉਹ ਕਾਹਦਾ ਨਰ ਹੈ*
*ਸਭ ਹਥਿਆਰ ਝੁਕਾਅ ਦਿੰਦੀ ਹੈ*
*ਕਲਮ ਹੀ ਸਭ ਤੋਂ ਤਾਕਤਵਰ ਹੈ।*[8]

ਜੈਵਿਕ ਅਤੇ ਕੁਦਰਤੀ ਕਾਰਨਾਂ ਕਰਕੇ ਮਰਦ ਸਰੀਰਕ ਰੂਪ ਵਿਚ ਔਰਤ ਤੋਂ ਤਾਕਤਵਰ ਹੈ। ਇਸ ਤਾਕਤ ਜਰੀਏ ਮਰਦ ਨੇ ਔਰਤ ਨੂੰ ਨੀਵਾਂ ਰੱਖਿਆ ਹੈ। ਸੁਰਿੰਦਰ ਸਿਦਕ ਆਪਣੇ ਸ਼ੇਅਰਾਂ ਰਾਹੀਂ ਆਖਦੀ ਹੈ ਕਿ ਜ਼ੁਲਮ ਨਾਲ ਔਰਤ ਨੂੰ ਸਰੀਰਕ ਰੂਪ ਵਿਚ ਤਾਂ ਗੁਲਾਮ ਰੱਖਿਆ ਜਾ ਸਕਦਾ ਹੈ ਪਰ ਅਸਲ ਗੱਲ ਤਾਂ ਤਦ ਹੈ ਜੇਕਰ ਕੋਈ ਮਰਦ ਔਰਤ ਦੇ ਦਿਲ ਨੂੰ ਜਿੱਤੇ। ਔਰਤ ਦੇ ਮਨ ਦੀ ਥਾਹ ਪਾਏ ਬਿਨਾਂ ਕਿਸੇ ਵੀ ਰੂਪ ਵਿਚ ਔਰਤ ਨੂੰ ਆਪਣੇ ਨਾਲ ਰੱਖਣ ਵਾਲਾ ਮਰਦ ਆਪਣੇ ਨੂੰ 'ਤਾਕਤਵਰ' ਮੰਨਣ ਦਾ ਮਾਣ ਤਾਂ ਲੈ ਸਕਦਾ ਹੈ ਪ੍ਰੰਤੂ ਉਹ ਔਰਤ ਦਾ ਮਨਮੀਤ ਨਹੀਂ ਹੋ ਸਕਦਾ:-

*ਤੂੰ ਮੇਰਾ ਦਿਲ ਨਹੀਂ ਜਿੱਤਿਆ, ਸਵੰਬਰ ਜਿੱਤਿਆ ਤਾਂ ਕੀ?*
*ਤੂੰ ਦਾਅ ਤੇ ਲਾ ਕੇ ਧਰਤੀ ਨੂੰ, ਜੇ ਅੰਬਰ ਜਿੱਤਿਆ ਤਾਂ ਕੀ?*
*ਇਹ ਰਿਸ਼ਤੇ ਰੱਬ ਦੇ ਹੁੰਦੇ ਨੇ ਖਰੀਦੇ ਜਾ ਨਹੀਂ ਸਕਦੇ,*
*ਮੁਹੱਬਤ ਕਤਲ ਕਰਕੇ ਜੇ, ਸੁਦਾਗਰ ਜਿੱਤਿਆ ਤਾਂ ਕੀ।* [9]

ਸਮੇਂ-ਸਮੇਂ ਚੱਲੇ ਅੰਦੋਲਨਾਂ, ਵਿੱਦਿਆ ਦੇ ਪਾਸਾਰ, ਪੂੰਜੀਵਾਦੀ ਸਿਸਟਮ ਵਿਚ ਪਰਿਵਾਰ ਦੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਵਧੇਰੇ ਮਿਹਨਤ ਅਤੇ ਸਾਥ ਦੀ ਲੋੜ ਅਤੇ ਨਾਰੀਵਾਦੀ ਚਿੰਤਕਾਂ ਦੇ ਯਤਨਾਂ ਸਦਕਾ ਹੁਣ ਔਰਤ ਦੀ ਸਥਿਤੀ ਹਾਸ਼ੀਆਗ੍ਰਸਤ ਨਹੀਂ ਰਹੀ। ਹੁਣ ਉਹ ਮਰਦ ਦਾ ਹਰ ਹੁਕਮ 'ਸਤਿਬਚਨ' ਆਖ ਕੇ ਮੰਨਣ ਲਈ ਪਾਬੰਦ ਨਹੀਂ ਰਹੀ ਅਤੇ ਆਰਥਿਕ ਪੱਖੋਂ ਆਤਮ ਨਿਰਭਰ ਹੋਣ ਕਾਰਨ ਹੁਣ ਉਸ ਨੂੰ ਮਰਦ ਦੀ ਮੁਥਾਜ਼ੀ ਕਰਨ ਦੀ ਲੋੜ ਨਹੀਂ ਰਹੀ। ਇਸ ਸਭ ਕਾਸੇ ਦਾ ਨਤੀਜਾ ਇਹ ਨਿਕਲਿਆ ਕਿ ਔਰਤ ਲਈ ਸਦੀਆਂ ਤੋਂ ਵਰਤੇ ਜਾਂਦੇ ਲਕਬ ਪੈਰ ਦੀ ਜੁੱਤੀ, ਗੁੱਤ ਪਿੱਛੇ ਮੱਤ, 365 ਚਲਿੱਤਰ, ਤਾੜਨ ਕੀ ਅਧਿਕਾਰੀ ਆਦਿ ਬੇਮਾਅਨੇ ਹੋ ਗਏ ਹਨ। ਇਸ ਤਰ੍ਹਾਂ ਦੇ ਸਮਿਆਂ ਵਿਚ ਸੁਰਿੰਦਰ ਸਿਦਕ ਦੀ ਕਵਿਤਾ 'ਸ਼ਿੰਗਾਰ' ਤੋਂ 'ਵੰਗਾਰ' ਦੀ ਕਵਿਤਾ ਹੈ। ਉਹ ਆਪਣੀ ਇਸ ਸਥਿਤੀ ਪ੍ਰਤੀ ਚੇਤੰਨ ਹੈ ਕਿ ਔਰਤ ਨੇ ਸਦੀਆਂ ਤੋਂ ਮਰਦ ਅੱਗੇ ਖ਼ੁਦ ਨੂੰ ਸਮਰਪਿਤ ਕੀਤਾ ਹੈ ਪ੍ਰੰਤੂ ਬਦਲੇ ਵਿਚ ਉਸ ਨੂੰ ਓਨਾ ਸਮਾਂ ਹੀ ਮਰਦ ਨੇ ਸਵੀਕਾਰਿਆ ਹੈ ਜਿੰਨਾ ਸਮਾਂ ਔਰਤ ਉਸ ਦੀਆਂ ਜ਼ਰੂਰਤਾਂ ਪੂਰੀਆਂ ਕਰਦੀ ਰਹੀ। ਮਰਦ ਦੀ ਨਜ਼ਰ ਵਿਚ ਪ੍ਰਵਾਨਗੀ ਹਾਸਿਲ ਕਰਨ ਲਈ ਉਸ ਨੂੰ ਆਪਣੇ ਆਪ ਨੂੰ ਸ਼ਿੰਗਾਰ ਕੇ ਰੱਖਣ ਦੇ ਰੂਪ ਵਿਚ, ਮਰਦ ਲਈ ਬੱਚੇ ਪੈਦਾ ਕਰਨ ਦੇ ਰੂਪ ਵਿਚ ਜਾਂ ਘਰ ਨੂੰ ਸੰਭਾਲਣ ਆਦਿ ਰੂਪਾਂ ਵਿਚ ਅਨੇਕਾਂ ਪਾਪੜ ਵੇਲਣੇ ਪਏ ਪ੍ਰੰਤੂ ਏਨਾ ਕੁਝ ਕਰਨ ਦੇ ਬਾਵਜੂਦ ਜਦੋਂ ਔਰਤ ਦਮਿਤ ਮਹਿਸੂਸ ਕਰਨ ਲੱਗੀ ਤਾਂ ਉਸ ਨੂੰ ਸੰਘਰਸ਼ ਦਾ ਰਾਹ ਹੀ ਮੁਨਾਸਿਬ ਲੱਗਿਆ। ਸੰਭਵ ਹੈ ਕਿ ਸੁਰਿੰਦਰ ਸਿਦਕ ਦੀ ਸ਼ਾਇਰੀ ਵਿਚ ਇਸ ਤਰ੍ਹਾਂ ਦੇ ਵਿਚਾਰਾਂ ਦੀ ਆਮਦ ਪੱਛਮੀ ਮੁਲਕਾਂ ਵਿਚ ਔਰਤ ਨੂੰ ਆਜ਼ਾਦੀ ਨੂੰ ਵੇਖ ਕੇ ਹੀ ਆਈ ਹੋਵੇ। ਇਸ ਰਾਹ ਦੀ ਪੈਰਵਾਈ ਸੁਰਿੰਦਰ ਸਿਦਕ ਆਪਣੀ ਗ਼ਜ਼ਲ ਵਿਚ ਕਰਦੀ ਹੈ:-

*ਮੈਂ ਜਿਹੜੇ ਸ਼ਖ਼ਸ ਉੱਤੇ ਰਬ ਜਿਹ ਇਤਬਾਰ ਕੀਤਾ ਹੈ।*
*ਉਸੇ ਬਸ ਸ਼ਖ਼ਸ ਨੇ ਹੀ ਪਿੱਠ ਉੱਤੇ ਵਾਰ ਕੀਤਾ ਹੈ।*
*ਮੈਂ ਨਾਰੀ ਸਾਂ ਤੇ ਨਰ ਦੇ ਸਾਹਮਣੇ ਇੱਕ ਢਾਲ ਹੁੰਦੀ ਸਾਂ*
*ਕਿ ਨਰ ਦੀ ਮਾਰ ਨੇ ਢਾਲ ਤੋਂ ਤਲਵਾਰ ਕੀਤਾ ਹੈ।* [10]

ਇਸ ਪ੍ਰਕਾਰ ਸਮੁੱਚੀ ਵਿਚਾਰ ਚਰਚਾ ਉਪਰੰਤ ਅਸੀਂ ਕਹਿ ਸਕਦੇ ਹਾਂ ਕਿ ਸੁਰਿੰਦਰ ਸਿਦਕ ਆਪਣੀ ਰਚਨਾਵਾਂ ਵਿਚ ਜਿੱਥੇ ਇਕ ਪਾਸੇ ਔਰਤ ਦੇ ਸੰਵੇਦਨਸ਼ੀਲ ਮਨ ਦੀਆਂ ਪਰਤਾਂ ਫਰੋਲਦੀ ਹੋਈ, ਕਿਸੇ ਸੱਜਰੇ ਖਿੜ ਰਹੇ ਫੁੱਲ ਦੀਆਂ ਕਲੀਆਂ ਵਰਗੇ ਕੂਲੇ ਤੇ ਨਾਜ਼ੁਕ ਅਹਿਸਾਸਾਂ ਦੀ ਪੇਸ਼ਕਾਰੀ ਕਰਦੀ ਹੈ ਉੱਥੇ ਹੀ ਦੂਸਰੇ ਪਾਸੇ ਕਿਧਰੇ ਵੀ ਸਮਾਜ ਵਿਚ ਉਸ ਨੂੰ ਲਤਾੜੇ ਜਾਣ ਜਾਂ ਕਿਸੇ ਵੀ ਰੂਪ ਵਿਚ ਉਸ ਦੇ ਦਮਨ ਹੋਣ ਅਤੇ ਉਸ ਨੂੰ ਗ਼ੁਲਾਮਾਂ ਵਰਗੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕੀਤੇ ਜਾਣ ਵਾਲੇ ਹਾਲਾਤਾਂ ਵਿਚ ਸੰਘਰਸ਼ ਦਾ ਰਾਹ ਪਕੜ ਕੇ ਆਪਣੀ ਆਵਾਜ਼ ਬੁਲੰਦ ਕਰਨ ਦਾ ਪੈਗ਼ਾਮ ਦਿੰਦੀ ਹੈ। ਸਿਦਕ ਦੇ ਮੱਥੇ ਵਿਚ ਰੌਸ਼ਨੀ ਦਾ ਦੀਵਾ ਜਗਦਾ ਹੈ, ਜਿਸ ਵਿਚੋਂ ਲੋਅ ਲੈ ਕੇ ਉਹ ਔਰਤ ਦੇ ਉਜਲੇ ਭਵਿੱਖ ਦੀ ਰਾਹ ਦਸੇਰੀ ਬਣ 'ਚਾਨਣ ਦੀ ਪੈੜ' ਪਾਉਂਦਿਆਂ, ਔਰਤ ਦੀ ਬੇਵੱਸ ਚੁੱਪ ਨੂੰ ਸ਼ਬਦ ਦੇ ਕੇ 'ਕੁਝ ਤਾਂ ਕਹਿ' ਆਖ ਕੇ ਝੰਜੋੜ ਰਹੀ ਹੈ। ਸੁਰਿੰਦਰ ਸਿਦਕ ਦੀ ਇਸ ਪੱਖੋਂ ਤਾਰੀਫ਼ ਵੀ ਕਰਨੀ ਬਣਦੀ ਹੈ ਕਿ ਉਹ ਔਰਤ ਦੇ ਹੱਕਾਂ ਦੀ ਗੱਲ ਕਰਦੀ ਉਲਾਰਵਾਦੀ ਨਹੀਂ ਹੁੰਦੀ ਸਗੋਂ ਉਹ ਸਮਾਜ ਦੇ ਹਰ ਮਨੁੱਖ ਲਈ ਆਜ਼ਾਦ ਫਿਜ਼ਾ ਦੀ ਕਾਮਨਾ ਕਰਦੀ ਹੋਈ, ਔਰਤ-ਮਰਦ ਨੂੰ ਆਪਣੇ-ਆਪਣੇ ਦਾਇਰਿਆਂ ਵਿਚ ਰਹਿ ਕੇ ਇਕ ਦੂਸਰੇ ਦੇ ਆਤਮ ਸਨਮਾਨ ਨੂੰ ਬਰਕਰਾਰ ਰੱਖ ਕੇ, ਇਕ ਦੂਜੇ ਪ੍ਰਤੀ ਸਮਰਪਣ ਦੀ ਭਾਵਨਾ ਮਨ ਵਿਚ ਪੈਦਾ ਕਰਦਿਆਂ ਅਹਿਸਾਸਾਂ ਦੇ ਮੋਤੀਆਂ ਦੁਆਰਾ ਅਜਿਹੀ 'ਰੂਹ ਦੀ ਗਾਨੀ' ਤਿਆਰ ਕਰਨਾ ਲੋਚਦੀ ਹੈ, ਜੋ ਤਾਉਮਰ ਉਸ ਦਾ ਸ਼ਿੰਗਾਰ ਬਣੀ ਰਹੇ ਅਤੇ ਰੂਹ ਨੂੰ ਸਕੂਨ ਦੇਵੇ।

## ਹਵਾਲੇ ਅਤੇ ਟਿੱਪਣੀਆਂ

1. ਸੁਰਿੰਦਰ ਸਿਦਕ, ਕੁਝ ਤਾਂ ਕਹਿ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2019, ਪੰਨਾ : ਭੂਮਿਕਾ.
2. ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਪਬਲੀਕੇਸ਼ਨ, ਚੰਡੀਗੜ੍ਹ, 2018, ਪੰਨਾ : ਭੂਮਿਕਾ.
3. ਡਾ. ਹਰਚੰਦ ਸਿੰਘ ਬੇਦੀ, (ਸੰਪਾ.), ਪਰਵਾਸ ਅਤੇ ਪਰਵਾਸੀ ਸਾਹਿਤ, 'ਪਰਵਾਸੀ ਪੰਜਾਬੀ ਕਹਾਣੀ ਵਿਚ ਨਾਰੀ ਦੀ ਭੂਮਿਕਾ', ਡਾ. ਧਨਵੰਤ ਕੌਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2005, ਪੰਨਾ : 124.
4. ਸੁਰਿੰਦਰ ਸਿਦਕ, ਕੁਝ ਤਾਂ ਕਹਿ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2019, ਪੰਨਾ : 66.
5. ਉਹੀ, ਪੰਨਾ : 110.
6. ਨਿਵੇਦਿਤਾ ਮੈਨਨ, ਨਾਰੀਵਾਦੀ ਨਜ਼ਰੀਆ- ਇੱਕ ਵਚਨ ਤੋਂ ਬਹੁ ਵਚਨ ਤੱਕ, ਦਲਜੀਤ ਅਮੀ (ਅਨੁ.), ਤਦਬੀਰ ਪ੍ਰਕਾਸ਼ਨ, ਖਰੜ, 2018, ਪੰਨਾ : 11.
7. ਐਸ. ਮਿਲਰ, ਗ਼ੁਲਾਮ ਔਰਤ, ਗੁਰਜੀਤ ਸਿੰਘ ਸੰਧੂ (ਅਨੁ.), ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2005, ਪੰਨਾ : 30.
8. ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਪਬਲੀਕੇਸ਼ਨ, ਚੰਡੀਗੜ੍ਹ, ਪੰਨਾ : 35
9. ਸੁਰਿੰਦਰ ਸਿਦਕ, ਰੂਹ ਦੀ ਗਾਨੀ, ਯੂਨੀਸਟਾਰ ਪਬਲੀਕੇਸ਼ਨ, ਚੰਡੀਗੜ੍ਹ, ਪੰਨਾ : 39.
10. ਸੁਰਿੰਦਰ ਸਿਦਕ, ਕੁਝ ਤਾਂ ਕਹਿ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2019, ਪੰਨਾ : ਪੰਨਾ : 49